# ਨਸਲਵਾਦ-ਵਿਰੋਧੀ ਵਿਧਾਨ ਦੀ ਸ਼ਮੂਲੀਅਤ ਵਾਲੀ ਵੈੱਬਸਾਈਟ ਸਮੱਗਰੀ

## ਇਹ ਸ਼ਮੂਲੀਅਤ ਕਿਸ ਬਾਰੇ ਹੈ?

ਸੂਬਾ ਇੱਕ ਵਿਸ਼ਾਲ ਨਸਲਵਾਦ-ਵਿਰੋਧੀ ਵਿਧਾਨ ਵਿਕਸਤ ਕਰ ਰਿਹਾ ਹੈ ਜੋ ਐਂਟੀ-ਰੇਸਿਜ਼ਮ ਡੇਟਾ ਐਕਟ (ARDA) ਨੂੰ ਅੱਗੇ ਵਧਾਉਂਦਾ ਹੈ, ਜੋ ਜੂਨ 2022 ਵਿੱਚ ਕਨੂੰਨ ਬਣ ਗਿਆ ਸੀ। ਇਹ ਵਿਧਾਨ ਬੀ.ਸੀ. ਵਿੱਚ ਪ੍ਰਣਾਲੀਗਤ ਨਸਲਵਾਦ, ਪੱਖਪਾਤ ਅਤੇ ਭੇਦਭਾਵ ਦੀਆਂ ਵਿਆਪਕ ਚੁਣੌਤੀਆਂ ਨੂੰ ਸੰਬੋਧਿਤ ਕਰੇਗਾ।

ਇਸ ਨਸਲਵਾਦ-ਵਿਰੋਧੀ ਵਿਧਾਨ ਨੂੰ ਇੰਡੀਜਨਸ (ਮੂਲਵਾਸੀ) ਲੋਕਾਂ ਅਤੇ ਹੋਰ ਨਸਲੀ ਪਿਛੋਕੜ ਵਾਲੇ ਭਾਈਚਾਰਿਆਂ ਦੁਆਰਾ ਸਹਿ-ਵਿਕਸਤ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਦੁਆਰਾ ਇਸ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ। ਪਬਲਿਕ ਦੇ ਸਾਰੇ ਮੈਂਬਰਾਂ ਦਾ ਔਨਲਾਈਨ ਜਨਤਕ ਪ੍ਰਸ਼ਨਾਵਲੀ ਵਿੱਚ ਭਾਗ ਲੈਣ ਲਈ ਸਵਾਗਤ ਹੈ।

ਇਸ ਕਨੂੰਨ ਨੂੰ 2024 ਦੀ ਬਸੰਤ ਰੁੱਤ ਵਿੱਚ ਪੇਸ਼ ਕੀਤੇ ਜਾਣ ਦਾ ਟੀਚਾ ਹੈ।

**ਸ਼ਮੂਲੀਅਤ ਦੀਆਂ ਸਮਾਂ-ਸੀਮਾਵਾਂ**: 5 ਜੂਨ ਤੋਂ 30 ਸਤੰਬਰ, 2023

## ਭਾਗ ਕਿਵੇਂ ਲੈਣਾ ਹੈ

ਸਾਰਿਆਂ ਨੂੰ ਭਾਗ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਨਸਲਵਾਦ-ਵਿਰੋਧੀ ਵਿਧਾਨ ਦੇ ਵਿਕਾਸ ਵਿੱਚ ਹੇਠਾਂ ਦਿੱਤੇ ਮੌਕਿਆਂ ਰਾਹੀਂ ਤੁਸੀਂ ਆਪਣੇ ਵਿਚਾਰਾਂ ਨਾਲ ਯੋਗਦਾਨ ਪਾ ਸਕਦੇ ਹੋ।

### ਔਨਲਾਈਨ ਜਨਤਕ ਪ੍ਰਸ਼ਨਾਵਲੀ

ਆਪਣੇ ਵਿਚਾਰਾਂ ਨੂੰ ਇੱਕ ਸੰਖੇਪ ਪ੍ਰਸ਼ਨਾਵਲੀ ਵਿੱਚ ਸਾਂਝਾ ਕਰੋ ਜੋ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਵਾਸਤੇ ਖੁੱਲ੍ਹੀ ਹੈ। ਪ੍ਰਸ਼ਨਾਵਲੀ 30 ਸਤੰਬਰ, 2023 ਨੂੰ ਸ਼ਾਮ 4 ਵਜੇ ਤੱਕ ਉਪਲਬਧ ਹੈ।

### ਕਮਿਊਨਿਟੀ ਦੀ ਅਗਵਾਈ ਵਾਲੀ ਜਨਤਕ ਸ਼ਮੂਲੀਅਤ

ਇੰਡੀਜਨਸ, ਕਾਲੇ ਅਤੇ ਹੋਰ ਨਸਲੀ ਪਿਛੋਕੜ ਵਾਲੇ ਲੋਕਾਂ, ਅਤੇ ਨਾਲ ਹੀ ਆਸਥਾ-ਅਧਾਰਿਤ ਅਤੇ 2SLGBTQ+ ਭਾਈਚਾਰਿਆਂ ਦੇ ਨਸਲੀ ਪਿਛੋਕੜ ਵਾਲੇ ਲੋਕਾਂ ਨੂੰ ਸੂਬੇ ਭਰ ਵਿੱਚ ਕਮਿਊਨਿਟੀ ਦੀ ਅਗਵਾਈ ਵਾਲੀ ਸ਼ਮੂਲੀਅਤ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾਵੇਗਾ। ਹੋਰ ਜਾਣੋ

## ਅਗਲੇ ਕਦਮ

ਤੁਹਾਡੇ ਵਿਚਾਰ ਸਾਨੂੰ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਦੇ ਅੰਦਰ ਨਸਲਵਾਦ ਬਾਰੇ ਲੋਕਾਂ ਦੇ ਤਜਰਬੇ ਅਤੇ ਇਹ ਸਮਝਣ ਵਿੱਚ ਮਦਦ ਕਰਨਗੇ ਕਿ ਉਹਨਾਂ ਰੁਕਾਵਟਾਂ ਅਤੇ ਗਲਤੀਆਂ ਨੂੰ ਕਿਵੇਂ ਹੱਲ ਕਰਨਾ ਹੈ ਜੋ ਇੰਡੀਜਨਸ, ਕਾਲੇ ਅਤੇ ਹੋਰ ਨਸਲੀ ਪਿਛੋਕੜ ਵਾਲੇ ਲੋਕਾਂ ਨੂੰ ਗੈਰ-ਅਨੁਪਾਤਕ ਤੌਰ 'ਤੇ ਨੁਕਸਾਨ ਪਹੁੰਚਾਉਂਦੀਆਂ ਹਨ, ਜਦ ਉਹ ਲੋੜੀਂਦੀ ਮਦਦ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ।

## ਨਸਲਵਾਦ-ਵਿਰੋਧ ਪ੍ਰਤੀ ਵਚਨਬੱਧਤਾ

ਬੀ.ਸੀ. ਦੀ ਸਰਕਾਰ ਨਸਲਵਾਦ ਨਾਲ ਨਜਿੱਠਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸ਼ਮੂਲੀਅਤ ਦੀ ਇਹ ਪ੍ਰਕਿਰਿਆ ਨਸਲਵਾਦ-ਵਿਰੋਧੀ ਹੋਵੇ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰੇ। ਨਿਰਾਦਰ ਕਰਨ ਵਾਲੀਆਂ ਅਤੇ ਨਸਲਵਾਦੀ ਟਿੱਪਣੀਆਂ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ ਜਾਂ ਇਹਨਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਇਹਨਾਂ ਨੂੰ ਸ਼ਮੂਲੀਅਤ ਦੇ

ਰਿਕਾਰਡ ਤੋਂ ਹਟਾ ਦਿੱਤਾ ਜਾਵੇਗਾ। ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਟਿੱਪਣੀਆਂ ਉਸਾਰੂ ਹੋਣ ਅਤੇ ਇਸ ਸ਼ਮੂਲੀਅਤ 'ਤੇ ਕੇਂਦਰਿਤ ਹੋਣ।

## ਪਾਰਲੀਮਾਨੀ ਸਕੱਤਰ ਮੇਬਲ ਐਲਮੋਰ ਵੱਲੋਂ ਸੰਦੇਸ਼

"ਪ੍ਰਣਾਲੀਗਤ ਨਸਲਵਾਦ ਨਾਲ ਨਜਿੱਠਣ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਵਿੱਚ ਮਦਦ ਕਰੋ। ਕਿਰਪਾ ਕਰਕੇ ਪ੍ਰਸ਼ਨਾਵਲੀ ਨੂੰ ਲੈ ਕੇ ਬੀ.ਸੀ. ਵਿੱਚ ਨਸਲਵਾਦ ਬਾਰੇ ਆਪਣੇ ਤਜਰਬੇ ਅਤੇ ਵਿਚਾਰ ਸਾਂਝੇ ਕਰੋ।"

ਵਿਡੀਓ ਦੇਖੋ

## ਨਸਲਵਾਦ-ਵਿਰੋਧੀ ਕੋਸ਼ਿਸ਼ਾਂ

ਬੀ.ਸੀ. ਵਿੱਚ ਨਸਲਵਾਦ ਨੂੰ ਖ਼ਤਮ ਕਰਨ ਲਈ ਹੋਰ ਨਸਲਵਾਦ-ਵਿਰੋਧੀ ਸੂਬਾਈ ਕੋਸ਼ਿਸ਼ਾਂ ਬਾਰੇ ਹੋਰ ਜਾਣੋ।

## ਸ਼ਮੂਲੀਅਤ ਦੀ ਸਮਾਂ-ਸੀਮਾ

**ਔਨਲਾਈਨ ਜਨਤਕ ਪ੍ਰਸ਼ਨਾਵਲੀ**

- 5 ਜੂਨ ਤੋਂ 30 ਸਤੰਬਰ, 2023

**ਕਮਿਊਨਿਟੀ ਦੀ ਅਗਵਾਈ ਵਾਲੀ ਜਨਤਕ ਸ਼ਮੂਲੀਅਤ**

- ਜੁਲਾਈ ਤੋਂ 30 ਸਤੰਬਰ, 2023

**ਸ਼ਮੂਲੀਅਤ ਬੰਦ ਹੋਵੇਗੀ**

- 30 ਸਤੰਬਰ, 2023

**ਸ਼ਮੂਲੀਅਤ ਤੋਂ ਮਿਲੇ ਪ੍ਰਤੀਕਰਮ ਦੀ ਸਮੀਖਿਆ ਦਿੰਦੇ ਹੋਏ, ਇੰਗੇਜਮੈਂਟ ਰਿਪੋਰਟ ਨੂੰ ਰਿਲੀਜ਼ ਕਰਨਾ**

- 2024 ਦੇ ਸ਼ੁਰੂ ਵਿੱਚ

**ਨਸਲਵਾਦ-ਵਿਰੋਧੀ ਵਿਧਾਨ ਪੇਸ਼ ਕੀਤਾ ਗਿਆ**

- ਬਸੰਤ 2024

## ਵਿਧਾਨ ਦੀ ਲੋੜ ਕਿਉਂ ਹੈ

ਸਰਕਾਰ ਇੱਕ ਬਸਤੀਵਾਦੀ ਅਦਾਰਾ ਹੈ ਅਤੇ ਇਸ ਦੀਆਂ ਬਹੁਤ ਸਾਰੀਆਂ ਨੀਤੀਆਂ ਅਤੇ ਪ੍ਰੋਗਰਾਮ ਅਜਿਹੇ ਸਮੇਂ ਵਿੱਚ ਵਿਕਸਤ ਕੀਤੇ ਗਏ ਸਨ ਜਦੋਂ ਵਿਧਾਨ ਸਭਾ ਸੂਬੇ ਦੀ ਸੱਭਿਆਚਾਰਕ ਵਿਭਿੰਨਤਾ ਦੀ ਪ੍ਰਤੀਨਿਧਤਾ ਨਹੀਂ ਕਰਦੀ ਸੀ। ਸਿੱਟੇ ਵਜੋਂ, ਸਰਕਾਰ ਦੀ ਬੁਨਿਆਦ ਨਸਲਵਾਦੀ ਅਤੇ ਭੇਦਭਾਵਪੂਰਨ ਵਿਸ਼ਵਾਸਾਂ, ਨੀਤੀਆਂ, ਰਵੱਈਏ ਅਤੇ ਵਿਵਹਾਰਾਂ 'ਤੇ ਬਣਾਈ ਗਈ ਸੀ। ਇਸ ਦਾ ਬਹੁਤ ਸਾਰਾ ਹਿੱਸਾ ਬਿਨਾਂ ਕਿਸੇ ਚੁਣੌਤੀ ਅਤੇ ਬਿਨਾਂ ਕਿਸੇ ਹੱਲ ਦੇ ਰਿਹਾ ਹੈ। ਇਹ ਅਸਵੀਕਾਰਯੋਗ ਹੈ। ਵਿਭਿੰਨਤਾ ਹੀ ਸਾਡੀ ਤਾਕਤ ਹੈ। ਸੂਬਾ ਇਹ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ ਕਿ ਸਾਡੀਆਂ ਪ੍ਰਣਾਲੀਆਂ ਅਤੇ ਸੰਸਥਾਵਾਂ ਹਰ ਕਿਸੇ ਵਾਸਤੇ ਸੁਰੱਖਿਅਤ ਅਤੇ ਸੰਮਿਲਿਤ ਹੋਣ।

ਇਹ ਵਿਧਾਨ ਇਸ ਗੱਲ ਦਾ ਹਿੱਸਾ ਹੈ ਕਿ ਸੂਬਾ ਕਿਸ ਤਰ੍ਹਾਂ ਨਸਲਵਾਦ ਅਤੇ ਨਫ਼ਰਤ ਨਾਲ ਨਿਪਟਣ ਲਈ ਭਾਈਚਾਰਿਆਂ ਦੇ ਨਾਲ ਕੰਮ ਕਰ ਰਿਹਾ ਹੈ।

## ਨਸਲਵਾਦ-ਵਿਰੋਧੀ ਵਿਧਾਨ ਬਾਰੇ ਹੋਰ ਜਾਣਕਾਰੀ

ਜੂਨ 2022 ਵਿੱਚ, *ਨਸਲਵਾਦ-ਵਿਰੋਧੀ ਡੇਟਾ ਐਕਟ* ਕਨੂੰਨ ਬਣਿਆ ਸੀ। ਇਹ ਕਨੂੰਨ ਨਸਲ-ਅਧਾਰਿਤ ਅੰਕੜਿਆਂ ਨੂੰ ਇਕੱਤਰ ਕਰਨ ਰਾਹੀਂ ਪ੍ਰਣਾਲੀਗਤ ਨਸਲਵਾਦ ਦੀ ਪਛਾਣ ਕਰਨ ਵਿੱਚ ਸਰਕਾਰ ਦਾ ਸਮਰਥਨ ਕਰਦਾ ਹੈ। ਇਹ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਰੁਕਾਵਟਾਂ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ। ਇੱਕ ਵਾਰ ਜਦ ਇਹਨਾਂ ਰੁਕਾਵਟਾਂ ਦੀ ਪਛਾਣ ਕਰ ਲਈ ਜਾਂਦੀ ਹੈ ਅਤੇ ਅੰਕੜਿਆਂ ਦੁਆਰਾ ਇਹਨਾਂ ਦਾ ਸਮਰਥਨ ਕੀਤਾ ਜਾਂਦਾ ਹੈ, ਤਾਂ ਇਹਨਾਂ ਨੂੰ ਹੱਲ ਕੀਤਾ ਜਾ ਸਕਦਾ ਹੈ ਤਾਂ ਜੋ ਵਧੇਰੇ ਲੋਕ ਸਰਕਾਰੀ ਸਹਾਇਤਾਵਾਂ ਤੋਂ ਬਰਾਬਰ ਲਾਭ ਉਠਾ ਸਕਣ।

2024 ਵਿੱਚ ਲਿਆਂਦਾ ਜਾ ਰਿਹਾ ਵਿਆਪਕ ਨਸਲਵਾਦ-ਵਿਰੋਧੀ ਵਿਧਾਨ ਇਹ ਯਕੀਨੀ ਬਣਾਉਣ ਦੁਆਰਾ *ਨਸਲਵਾਦ-ਵਿਰੋਧੀ ਡੇਟਾ ਐਕਟ* ਨੂੰ ਅੱਗੇ ਵਧਾਉਂਦਾ ਹੈ ਕਿ ਸਰਕਾਰ ਆਦੇਸ਼ਾਂ ਦੀ ਪਾਲਣਾ ਨਾ ਕਰਨ ਵਾਸਤੇ ਸਿੱਟਿਆਂ ਨੂੰ ਪੇਸ਼ ਕਰਦੇ ਹੋਏ ਪ੍ਰਣਾਲੀਗਤ ਨਸਲਵਾਦ ਨੂੰ ਖਤਮ ਕਰਨ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਨਸਲੀ ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਕਾਰਵਾਈ ਕਰਦੀ ਹੈ।

ਵਿਧਾਨ ਇਹ ਕਰੇਗਾ:

1. ਇਸ ਵਿਧਾਨ ਨੂੰ ਲਾਗੂ ਕਰਨ ਲਈ ਇੱਕ ਸਰਕਾਰ-ਵਿਆਪੀ ਨਸਲਵਾਦ-ਵਿਰੋਧੀ ਕਾਰਜਨੀਤੀ ਦੀ ਸਿਰਜਣਾ ਕਰਨਾ
2. ਇੰਡੀਜਨਸ (ਮੂਲਵਾਸੀ) ਵਿਸ਼ੇਸ਼ ਨਸਲਵਾਦ ਨੂੰ ਹੱਲ ਕਰਨਾ
3. ਐਂਟੀ-ਰੇਸਿਜ਼ਮ ਡੇਟਾ ਐਕਟ (Anti-Racism Data Act) ਤੋਂ ਹਾਸਲ ਕੀਤੇ ਅੰਕੜਿਆਂ ਦੀ ਵਰਤੋਂ ਕਰਕੇ, ਸੂਬਾ ਪ੍ਰਣਾਲੀਗਤ ਨਸਲਵਾਦ ਨੂੰ ਖਤਮ ਕਰਨ ਲਈ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਨਸਲੀ ਨਿਰਪੱਖਤਾ ਨੂੰ ਅੱਗੇ ਵਧਾਉਣ ਲਈ ਕਾਰਵਾਈ ਕਰੇਗਾ
4. ਸਾਡੀ ਤਰੱਕੀ ਨੂੰ ਮਾਪਣਾ ਅਤੇ ਇਸ ਦੀ ਰਿਪੋਰਟ ਕਰਨਾ
5. ਇੰਡੀਜਨਸ (ਮੂਲਵਾਸੀ) ਲੋਕਾਂ ਅਤੇ ਹੋਰ ਨਸਲੀ ਪਿਛੋਕੜ ਵਾਲੇ ਭਾਈਚਾਰਿਆਂ ਦੀਆਂ ਤਰਜੀਹਾਂ ਪ੍ਰਤੀ ਆਪਣੇ ਆਪ ਨੂੰ ਜਵਾਬਦੇਹ ਬਣਾਉਣਾ
6. ਨਸਲਵਾਦ ਦੁਆਰਾ ਜਿਨ੍ਹਾਂ ਇੰਡੀਜਨਸ ਅਤੇ ਹੋਰ ਨਸਲੀਕਿਰਤ ਭਾਈਚਾਰਿਆਂ ਦਾ ਨੁਕਸਾਨ ਹੋਇਆ ਹੈ, ਉਹਨਾਂ ਨੂੰ ਸੁਧਾਰਨ ਵਿੱਚ ਨਿਵੇਸ਼ ਕਰਨਾ
7. ਲਾਗੂਕਰਨ ਦੀਆਂ ਪਹੁੰਚਾਂ ਦਾ ਸਮਰਥਨ ਕਰਨਾ, ਉਤਸ਼ਾਹਤ ਕਰਨਾ ਅਤੇ ਇਸ ਵਿੱਚ ਨਿਵੇਸ਼ ਕਰਨਾ

**ਪ੍ਰਣਾਲੀਗਤ ਨਸਲਵਾਦ:** ਪ੍ਰਤੱਖ ਅਤੇ ਸਪੱਸ਼ਟ ਪੱਖਪਾਤ ਰਾਹੀਂ ਵਾਪਰਦਾ ਹੈ ਜਿਸਦੇ ਸਿੱਟੇ ਵਜੋਂ ਨਾ-ਬਰਾਬਰੀਆਂ ਹੁੰਦੀਆਂ ਹਨ ਜੋ ਸੇਵਾਵਾਂ, ਪ੍ਰਣਾਲੀਆਂ ਅਤੇ ਢਾਂਚਿਆਂ ਵਿੱਚ ਬਣਾਈਆਂ ਜਾਂਦੀਆਂ ਹਨ, ਜੋ ਲੋਕਾਂ ਨੂੰ ਉਹਨਾਂ ਦੀ ਨਸਲ ਦੇ ਆਧਾਰ 'ਤੇ ਨੁਕਸਾਨ ਪਹੁੰਚਾਉਂਦੀਆਂ ਹਨ।

**ਨਸਲਵਾਦ-ਵਿਰੋਧ:** ਨੂੰ ਪ੍ਰਣਾਲੀਗਤ ਭੇਦਭਾਵ ਦੇ ਮੂਲ ਕਾਰਨਾਂ ਨੂੰ ਸਮਝਣ ਅਤੇ ਨਿਸ਼ਾਨਾ ਬਣਾਉਣ ਦੀ ਪ੍ਰਥਾ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜਿਵੇਂ ਕਿ, ਸਾਡੀਆਂ ਬਸਤੀਵਾਦੀ ਅਤੇ ਨਸਲਵਾਦੀ ਬੁਨਿਆਦਾਂ ਨੂੰ ਨਸਲਵਾਦ ਨੂੰ ਕਾਇਮ ਰੱਖਣ ਵਾਲੀਆਂ ਕਦਰਾਂ-ਕੀਮਤਾਂ, ਢਾਂਚਿਆਂ, ਨੀਤੀਆਂ, ਪ੍ਰੋਗਰਾਮਾਂ, ਪ੍ਰਥਾਵਾਂ ਅਤੇ ਵਿਵਹਾਰਾਂ ਦੀ ਪਛਾਣ ਕਰਨ, ਚੁਣੌਤੀ ਦੇਣ, ਰੋਕਣ, ਖਤਮ ਕਰਨ ਅਤੇ ਬਦਲਣ ਦੁਆਰਾ।

## ਭਾਈਚਾਰੇ ਦੀ ਅਗਵਾਈ ਵਾਲੀ ਸ਼ਮੂਲੀਅਤ

ਨਸਲਵਾਦ-ਵਿਰੋਧੀ ਡੇਟਾ ਐਕਟ (Anti-Racism Data Act) 13,000 ਤੋਂ ਵਧੇਰੇ ਲੋਕਾਂ ਦੇ ਪ੍ਰਤੀਕਰਮ 'ਤੇ ਆਧਾਰਿਤ ਸੀ। ਇਹ ਕੀਮਤੀ ਜਾਣਕਾਰੀ ਅੱਗੇ ਵਧਦੇ ਹੋਏ ਵਿਧਾਨ ਵਿੱਚ ਯੋਗਦਾਨ ਪਾਉਣਾ ਜਾਰੀ ਰੱਖੇਗੀ ਜਿਸ ਵਿੱਚ ਨਸਲਵਾਦ-ਵਿਰੋਧੀ ਵਿਧਾਨ ਦਾ ਵੱਡਾ ਦਾਇਰਾ ਵੀ ਸ਼ਾਮਲ ਹੈ। ਅਸੀਂ ਨਸਲੀ ਪਿਛੋਕੜ ਵਾਲੇ ਭਾਈਚਾਰਿਆਂ ਤੋਂ ਸੁਣਿਆ ਹੈ—'ਨਥਿੰਗ ਅਬਾਉਟ ਅਸ, ਵਿਦਾਉਟ ਅਸ' (Nothing about us, without us) (ਇੱਕ ਅਜੇਹਾ ਵਾਕ ਜੋ ਇਸ ਵਿਚਾਰ ਨੂੰ ਸਾਂਝਾ ਕਰਨ ਲਈ ਵਰਤਿਆ ਜਾਂਦਾ ਹੈ ਕਿ ਕਿਸੇ ਵੀ ਨੀਤੀ ਦਾ ਫੈਸਲਾ ਕਿਸੇ ਵੀ ਪ੍ਰਤੀਨਿਧੀ ਦੁਆਰਾ ਉਸ ਨੀਤੀ ਤੋਂ ਪ੍ਰਭਾਵਿਤ ਸਮੂਹ(ਹਾਂ) ਦੇ ਮੈਂਬਰਾਂ ਦੀ ਪੂਰੀ ਅਤੇ ਸਿੱਧੀ ਭਾਗੀਦਾਰੀ ਤੋਂ ਬਿਨਾਂ ਨਹੀਂ ਕੀਤਾ ਜਾਣਾ ਚਾਹੀਦਾ ਹੈ)।

ਇਸੇ ਕਰਕੇ, ਨਸਲਵਾਦ-ਵਿਰੋਧੀ ਵਿਧਾਨ ਵਾਸਤੇ, ਅਸੀਂ ਭਾਈਚਾਰਕ ਸੰਸਥਾਵਾਂ ਦੇ ਨਾਲ ਕੰਮ ਕਰ ਰਹੇ ਹਾਂ ਅਤੇ ਇੰਡੀਜਨਸ ਅਤੇ ਨਸਲੀ ਪਿਛੋਕੜ ਵਾਲੇ ਆਗੂਆਂ ਅਤੇ ਭਾਈਚਾਰੇ ਦੇ ਮੈਂਬਰਾਂ ਨਾਲ ਸਿੱਧੇ ਤੌਰ 'ਤੇ ਗੱਲ-ਬਾਤ ਕਰ ਰਹੇ ਹਾਂ। ਅਸੀਂ ਹਰ ਕਦਮ 'ਤੇ ਇਸ ਕਨੂੰਨ ਤੋਂ ਸਭ ਤੋਂ ਵੱਧ ਪ੍ਰਭਾਵਿਤ ਲੋਕਾਂ ਨੂੰ ਸਹਿਯੋਗ ਦੇਣਾ ਜਾਰੀ ਰੱਖਾਂਗੇ।

**ਭਾਈਚਾਰੇ ਦੀ ਅਗਵਾਈ ਵਾਲੀ ਜਨਤਕ ਸ਼ਮੂਲੀਅਤ – ਜੁਲਾਈ ਤੋਂ 30 ਸਤੰਬਰ, 2023 ਤੱਕ**

ਇੰਡੀਜਨਸ, ਕਾਲੇ ਅਤੇ ਹੋਰ ਨਸਲੀ ਪਿਛੋਕੜ ਵਾਲੇ ਲੋਕਾਂ, ਅਤੇ ਨਾਲ ਹੀ ਆਸਥਾ-ਅਧਾਰਿਤ ਅਤੇ 2SLGBTQ+ ਭਾਈਚਾਰਿਆਂ ਦੇ ਨਸਲੀ ਪਿਛੋਕੜ ਵਾਲੇ ਲੋਕਾਂ ਨੂੰ ਸੂਬੇ ਭਰ ਵਿੱਚ ਭਾਈਚਾਰੇ ਦੀ ਅਗਵਾਈ ਵਾਲੀਆਂ ਸ਼ਮੂਲਤਾਂ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾਵੇਗਾ।

ਆਉਣ ਵਾਲੇ ਮਹੀਨਿਆਂ ਦੌਰਾਨ ਇਕੱਠੇ ਕੀਤੇ ਗਏ ਵਿਚਾਰ 2024 ਵਿੱਚ ਲਿਆਂਦੇ ਜਾਣ ਵਾਲੇ ਨਸਲਵਾਦ-ਵਿਰੋਧੀ ਵਿਧਾਨ ਵਿੱਚ ਯੋਗਦਾਨ ਪਾਉਣ ਵਿੱਚ ਮਦਦ ਕਰਨਗੇ ਤਾਂ ਜੋ ਅਸੀਂ ਬ੍ਰਿਟਿਸ਼ ਕੋਲੰਬੀਆ ਵਿੱਚ ਵਧੇਰੇ ਲੋਕਾਂ ਵਾਸਤੇ ਜੀਵਨ ਨੂੰ ਬੇਹਤਰ ਬਣਾ ਸਕੀਏ।

## ਤੁਸੀਂ ਸਹਾਇਤਾ ਤੱਕ ਪਹੁੰਚ ਕਿਵੇਂ ਕਰ ਸਕਦੇ ਹੋ?

ਰੈਜ਼ੀਲੀਐਂਸ ਬੀ ਸੀ (ResilienceBC) ਇਸ ਬਾਰੇ ਸਰੋਤਾਂ ਦੀ ਪੇਸ਼ਕਸ਼ ਕਰਦੀ ਹੈ ਕਿ ਨਫ਼ਰਤੀ ਅਪਰਾਧਾਂ ਅਤੇ ਘਟਨਾਵਾਂ ਨਾਲ ਕਿਵੇਂ ਨਜਿੱਠਣਾ ਹੈ ਅਤੇ ਇਹਨਾਂ ਦੀ ਰਿਪੋਰਟ ਕਿਵੇਂ ਕਰਨੀ ਹੈ।